U-28/2051

987/ML

# PUNJABI COMPULSORY –BFS-207
## SEMESTER- II

TIME: 3 HOURS

M.MARKS: 75

### ਭਾਗ-ੳ

1 'ਲੋਕਧਾਰਾ : ਪਰਿਭਾਸ਼ਾ ਅਤੇ ਲੱਛਣ ' ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

ਜਾਂ

ਜੋਗਿੰਦਰ ਸਿੰਘ ਕੈਰੋਂ ਦੁਆਰਾ ਲਿਖੇ ਨਿਬੰਧ ' ਲੋਕ-ਕਹਾਣੀਆਂ ਦੀ ਖ਼ਾਨਾ-ਬਦੋਸ਼ੀ' ਨਿਬੰਧ ਦਾ ਵਿਸ਼ਾ ਵਸਤੂ ਲਿਖੋ ।

ਜਾਂ

ਸੁਖਦੇਵ ਮਾਦਪੁਰੀ ਦੁਆਰਾ ਲਿਖੇ ਨਿਬੰਧ 'ਬੁੱਝਣ ਵਾਲੀਆਂ ਬਾਤਾਂ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ । **ਅੰਕ-12**

**2. ਕਿਸੇ ਇੱਕ ਪ੍ਰਸ਼ਨਾਂ ਦਾ ਉੱਤਰ ਦਿਓ :**

'ਪੰਜਾਬ ਦਾ ਪਿੰਡ ਮੋਹੜੀ ਗੱਡਣ ਮੁਰੱਬੇਬੰਦੀ ਤਕ' ਨਿਬੰਧ ਵਿੱਚ ਪੰਜਾਬ ਦੇ ਪਿੰਡਾਂ ਦੀ ਵਿਉਂਤਬੰਦੀ ਬਾਰੇ ਦਿੱਤੀ ਜਾਣਕਾਰੀ ਨੂੰ ਵਿਸਥਾਰ ਸਹਿਤ ਲਿਖੋ ।

ਜਾਂ

'ਲੋਕ ਨਾਚਾਂ ਦਾ ਜਨਮ ਤੇ ਵਿਕਾਸ' ਨਿਬੰਧ ਵਿੱਚ ਡਾ ਨਾਹਰ ਸਿੰਘ ਦੁਆਰਾ ਲੋਕ ਨਾਚਾਂ ਦੇ ਜਨਮ ਅਤੇ ਵਿਕਾਸ ਬਾਰੇ ਦਿੱਤੀ ਜਾਣਕਾਰੀ ਨੂੰ ਵਿਸਥਾਰ ਸਹਿਤ ਲਿਖੋ ।

ਜਾਂ

'ਪੰਜਾਬ ਦੀਆਂ ਲੋਕ ਖੇਡਾਂ' ਨਿਬੰਧ' ਵਿਚ ਡਾ. ਹਰਜੀਤ ਕੌਰ ਨੇ ਪੰਜਾਬ ਦੀਆਂ ਕਿਹੜੀਆਂ ਕਿਹੜੀਆਂ ਲੋਕ ਖੇਡਾਂ ਬਾਰੇ ਜਾਣਕਾਰੀ ਦਿੱਤੀ ਹੈ? **ਅੰਕ-12**

### ਭਾਗ- ਅ

**3 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਨਿਬੰਧ ਰਚਨਾ ਕਰੋ :**

I. ਕੋਵਿਡ-19 ਇੱਕ ਭਿਆਨਕ ਮਹਾਂਮਾਰੀ

II. ਨਸ਼ਾਖੋਰੀ

III. ਵਾਯੂ ਪ੍ਰਦੂਸ਼ਣ **ਅੰਕ- 9**

4. ਪੰਜਾਬੀ ਭਾਸ਼ਾ ਦੀਆਂ ਸ਼ਬਦ ਸ਼੍ਰੇਣੀਆਂ ਬਾਰੇ ਦੱਸਦਿਆਂ ਪ੍ਰਮੁੱਖ ਦੋ ਸ਼ਬਦ- ਸ਼੍ਰੇਣੀਆਂ ਬਾਰੇ ਵਿਸਥਾਰ ਵਿੱਚ ਚਰਚਾ ਕਰੋ ।

ਜਾਂ

ਸ਼ਬਦ ਸ਼੍ਰੇਣੀਆਂ ਦੀ ਪਰਿਭਾਸ਼ਾ ਦਿੰਦੇ ਹੋਏ ਉਨ੍ਹਾਂ ਦਾ ਵਿਆਕਰਣਕ ਵਰਗਾਂ ਅਨੁਸਾਰ ਰੂਪਾਂਤਰਣ ਬਾਰੇ ਦੱਸੋ ।

ਜਾਂ **ਅੰਕ -12**

ਸ਼ਬਦ ਬਣਤਰ ਅਤੇ ਸ਼ਬਦ ਰਚਨਾ ਬਾਰੇ ਦੱਸਦੇ ਹੋਏ ਰੂਪਾਂਤਰੀ ਸ਼ਬਦ ਬਣਤਰਾਂ ਦੀ ਵਿਆਖਿਆ ਕਰੋ ।

### ਭਾਗ -ੲ

**5 ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ :**

**ੳ.** ਫੋਕਲੋਰ ਲਈ ਪੰਜਾਬੀ ਵਿਚ ਲੋਕਧਾਰਾ ਸ਼ਬਦ ਸਭ ਤੋਂ ਪਹਿਲਾ ਕਿਸ ਨੇ ਵਰਤਿਆ ?

**ਅ.** ਪੰਜਾਬੀ ਲੋਕਾਂ ਦੀਆਂ ਕੋਈ ਚਾਰ ਰਹੁ-ਰੀਤਾਂ ਦੱਸੋ ?

**ੲ.** ਪੰਜਾਬੀ ਵਿੱਚ ਕਹਾਣੀ ਦੇ ਸਮਾਨਾਰਥਕ ਸ਼ਬਦ ਕਿਹੜੇ ਕਿਹੜੇ ਵਰਤੇ ਜਾਂਦੇ ਹਨ ?

**ਸ.** 'ਲੋਕ ਸਾਹਿਤ ਸਿਰਜਣ ਪ੍ਰਕਿਰਿਆ' ਨਿਬੰਧ ਦਾ ਲੇਖਕ ਕੌਣ ਹੈ ?

**ਹ.** ਫੁਲਕਾਰੀ ਦੀਆਂ ਕਿਸਮਾਂ ਦੇ ਨਾਂ ਦੱਸੋ ।

**ਕ.** ਡਾ.ਜੋਗਿੰਦਰ ਸਿੰਘ ਕੈਰੋਂ ਦੀਆਂ ਦੋ ਪੁਸਤਕਾਂ ਦੇ ਨਾਂ ਦੱਸੋ।

**ਖ.** ਗਰਾਮ ਦਿਓਤੇ ਕਿਹੜੇ ਹਨ ?ਨਾਮ ਲਿਖੋ ।

**ਗ.** 'ਲੋਕਧਾਰਾ ਦੀ ਭੂਮਿਕਾ' ਦੇ ਸੰਪਾਦਕਾਂ ਦੇ ਨਾਂ ਲਿਖੋ ।

**ਘ.** ਪੰਜਾਬੀ ਸ਼ਬਦਾਵਲੀ ਨੂੰ ਕਿੰਨੀਆਂ ਸ਼ਬਦ ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ ?

**ਙ.** ਸ਼ਬਦ ਸ਼੍ਰੇਣੀਆਂ ਵਿਚ 'ਪਾਰਟੀਕਲਜ਼ 'ਦਾ ਕੀ ਭਾਵ ਹੈ ?

**ਚ.** ਵਿਸ਼ੇਸ਼ਣ ਕੀ ਹੁੰਦਾ ਹੈ ?

**ਛ.** ਵਿਸਮਕ ਦੀ ਪ੍ਰੀਭਾਸ਼ਾ ਦਿਓ ?

**ਜ.** ਵਿਕਾਰੀ ਸ਼ਬਦ ਕਿਹੜੇ ਹੁੰਦੇ ਹਨ ?

**ਝ.** ਕਾਰਜ ਦੇ ਆਧਾਰ ਤੇ ਵਧੇਤਰਾਂ ਨੂੰ ਕਿੰਨੇ ਅਤੇ ਕਿਹੜੇ ਭਾਗਾਂ ਚ ਵੰਡਿਆ ਜਾਂਦਾ ਹੈ ?

**ਞ.** ਧਾਤੂ ਕਿਸ ਨੂੰ ਆਖਦੇ ਹਨ ? **ਅੰਕ -15X2=30**